ਮਿੱਠੇ ਬੱਚੇ:- "ਮਿੱਠੇ ਬੱਚੇ :- ਨਵੀਂ ਦੁਨੀਆਂ ਦੇ ਲਈ ਬਾਪ ਤੁਹਾਨੂੰ ਸਭ ਨਵੀਆਂ ਗੱਲਾਂ ਸੁਣਾਉਂਦੇ, ਨਵੀਂ ਮਤ ਦਿੰਦੇ ਇਸਲਈ ਉਹਨਾਂ ਦੀ ਗਤ - ਮਤ ਨਿਆਰੀ ਗਾਈ ਜਾਂਦੀ ਹੈ"

ਪ੍ਰਸ਼ਨ:- ਰਹਿਮਦਿਲ ਬਾਪ ਸਭ ਬੱਚਿਆਂ ਨੂੰ ਕਿਸ ਗੱਲ ਵਿੱਚ ਸਾਵਧਾਨ ਕਰ ਉੱਚ ਤਕਦੀਰ ਬਣਾ ਦਿੰਦੇ ਹਨ?

ਉੱਤਰ:- ਬਾਬਾ ਕਹਿੰਦੇ - ਬੱਚੇ ਉੱਚ ਤਕਦੀਰ ਬਨਾਉਣੀ ਹੈ ਤਾਂ ਸਰਵਿਸ ਕਰੋ। ਜੇਕਰ ਖਾਇਆ ਅਤੇ ਸੋਇਆ, ਸਰਵਿਸ ਨਹੀਂ ਕੀਤੀ ਤਾਂ ਉੱਚੀ ਤਕਦੀਰ ਨਹੀਂ ਬਣਾ ਸਕੋਂਗੇ। ਸਰਵਿਸ ਦੇ ਬੀਜ ਖਾਣਾ ਹਰਾਮ ਹੈ, ਇਸਲਈ ਬਾਬਾ ਸਾਵਧਾਨ ਕਰਦੇ। ਸਾਰਾ ਮਦਾਰ ਪੜ੍ਹਾਈ ਤੇ ਹੈ। ਤੁਸੀਂ ਬ੍ਰਾਹਮਣਾਂ ਨੂੰ ਪੜ੍ਹਾਉਣਾ ਹੈ, ਸੱਚੀ ਗੀਤਾ ਸੁਨਾਉਣੀ ਹੈ। ਬਾਪ ਨੂੰ ਰਹਿਮ ਪੈਂਦਾ ਹੈ ਇਸਲਈ ਹਰ ਗੱਲ ਦੀ ਰੋਸ਼ਨੀ ਦਿੰਦੇ ਰਹਿੰਦੇ ਹਨ।

ਗੀਤ:- ਜਿਸ ਦਿਨ ਸੇ ਮਿਲੇ ਹਮ ਤੁਮ...

ਓਮ ਸ਼ਾਂਤੀ। ਰੂਹਾਨੀ ਬਾਪ ਸਮਝਾਉਂਦੇ ਹਨ। ਜਦੋਂ ਬੱਚਿਆਂ ਨੂੰ ਬੇਹੱਦ ਦਾ ਬਾਪ ਮਿਲਦਾ ਹੈ ਤਾਂ ਹਰ ਇਕ ਗੱਲ ਨਵੀਂ ਸੁਣਾਉਂਦੇ ਹਨ ਕਿਉਂਕਿ ਇਹ ਬਾਪ ਨਵੀਂ ਦੁਨੀਆਂ ਸਥਾਪਨ ਕਰਨ ਵਾਲਾ ਹੈ। ਮਨੁੱਖ ਤਾਂ ਅਜਿਹੀਆਂ ਨਵੀਆਂ ਗੱਲਾਂ ਸੁਣਾ ਨਹੀਂ ਸਕਦੇ ਹਨ। ਬਾਪ, ਜਿਸਨੂੰ ਹੇਵਿਨਲੀ ਗੋਡ ਫ਼ਾਦਰ ਕਿਹਾ ਜਾਂਦਾ ਹੈ, ਇਹ ਬੇਹੱਦ ਦਾ ਬਾਪ ਸਵਰਗ ਦੀ ਸਥਾਪਨਾ ਕਰਨ ਵਾਲਾ ਹੈ। ਨਰਕ ਦੀ ਸਥਾਪਨਾ ਕਰਨ ਵਾਲਾ ਹੈ ਰਾਵਣ। 5 ਵਿਕਾਰ ਇਸਤਰੀ ਦੇ, 5 ਵਿਕਾਰ ਪੁਰਸ਼ ਦੇ, ਉਹ ਹੋ ਗਈ ਰਾਵਣ ਸੰਪ੍ਰਦਾਈ। ਤਾਂ ਇਹ ਨਵੀਂ ਗੱਲ ਸੁਣਾਈ ਨਾ। ਸਵਰਗ ਬਣਾਉਣ ਵਾਲਾ ਹੈ ਪਰਮਪਿਤਾ ਪਰਮਾਤਮਾ, ਜਿਸਨੂੰ ਰਾਮ ਕਹਿੰਦੇ ਹਨ। ਨਰਕ ਬਣਾਉਣ ਵਾਲਾ ਹੈ ਰਾਵਣ, ਜਿਸਦਾ ਚਿੱਤਰ ਬਣਾਏ ਵਰ੍ਹੇ - ਵਰ੍ਹੇ ਸਾੜਦੇ ਹਨ। ਇੱਕ ਵਾਰ ਸੜ ਗਿਆ ਤਾਂ ਫਿਰ ਉਸਦਾ ਐਫੀਜੀ ਦੇਖਣ ਵਿੱਚ ਥੋੜ੍ਹਾ ਹੀ ਆਏਗਾ। ਉਹ ਆਤਮਾ ਜਾਕੇ ਦੂਸਰਾ ਸ਼ਰੀਰ ਲੈਂਦੀ ਹੈ। ਫੀਚਰਸ ਆਦਿ ਬਦਲ ਜਾਂਦੇ ਹਨ। ਇਹ ਤਾਂ ਰਾਵਣ ਦੇ ਉਹ ਹੀ ਫੀਚਰਸ ਵਰ੍ਹੇ - ਵਰ੍ਹੇ ਬਣਾਉਂਦੇ ਅਤੇ ਸਾੜਦੇ ਹਨ। ਅਸਲ ਵਿੱਚ ਜਿਵੇਂ ਨਿਰਾਕਾਰ ਸ਼ਿਵਬਾਬਾ ਦਾ ਕੋਈ ਫੀਚਰ ਨਹੀਂ, ਇਵੇਂ ਰਾਵਣ ਦਾ ਵੀ ਕੋਈ ਫੀਚਰ ਨਹੀਂ। ਇਹ ਰਾਵਣ ਤਾਂ ਵਿਕਾਰ ਹਨ। ਬਾਪ ਸਮਝਾਉਂਦੇ ਹਨ। ਮਨੁੱਖ ਭਗਤੀ ਮਾਰਗ ਵਿੱਚ ਕੀ ਚਾਹੁੰਦੇ ਹਨ? ਭਗਵਾਨ ਆਉਂਦੇ ਹੀ ਹਨ ਭਗਤੀ ਦਾ ਫਲ ਦੇਣ ਅਤੇ ਰੱਖਿਆ ਕਰਨ ਕਿਉਂਕਿ ਭਗਤੀ ਮਾਰਗ ਵਿੱਚ ਦੁੱਖ ਬਹੁਤ ਹਨ। ਸੁਖ ਹੈ ਅਲਪਕਾਲ ਸ਼ੰਨਭੰਗੁਰ। ਭਾਰਤਵਾਸੀਆਂ ਦਾ ਬਿਲਕੁਲ ਦੁਖੀ ਜੀਵਨ ਹੈ। ਕਿਸੇ ਦਾ ਬੱਚਾ ਮਰਿਆ, ਕਿਸੇ ਦਾ ਦਿਵਾਲਾ ਨਿਕਲਿਆ, ਜੀਵਨ ਤਾਂ ਦੁਖੀ ਰਹਿੰਦਾ ਹੈ ਨਾ। ਬਾਪ ਕਹਿੰਦੇ ਹਨ ਮੈਂ ਆਉਂਦਾ ਹੀ ਹਾਂ ਸਭ ਦਾ ਜੀਵਨ ਸੁਖੀ ਬਣਾਉਣ। ਬਾਪ ਆਕੇ ਨਵੀਆਂ ਗੱਲਾਂ ਦੱਸਦੇ ਹਨ, ਕਹਿੰਦੇ ਹਨ ਮੈਂ ਆਇਆ ਹਾਂ ਸਵਰਗ ਦੀ ਸਥਾਪਨਾ ਕਰਨ। ਉੱਥੇ ਤੁਸੀਂ ਵਿਕਾਰ ਵਿੱਚ ਨਹੀਂ ਜਾਓਗੇ। ਉਹ ਹੈ ਨਿਰਵਿਕਾਰੀ ਰਾਜ, ਇਹ ਹੈ ਵਿਕਾਰੀ ਰਾਜ। ਜੇਕਰ ਤੁਹਾਨੂੰ ਸਵਰਗ ਦਾ ਰਾਜ ਚਾਹੀਦਾ ਹੈ ਤਾਂ ਉਹ ਬਾਪ ਹੀ ਸਥਾਪਨ ਕਰਦੇ ਹਨ। ਨਰਕ ਦਾ ਰਾਜ ਰਾਵਣ ਸਥਾਪਨ ਕਰਦੇ ਹਨ। ਤਾਂ ਬਾਪ ਪੁੱਛਦੇ ਹਨ ਤੁਸੀਂ ਸਵਰਗ ਵਿੱਚ ਚੱਲੋਗੇ? ਬੈਕੁੰਠ ਦੀ ਮਹਾਰਾਣੀ - ਮਹਾਰਾਜਾ ਵਿਸ਼ਵ ਦੇ ਮਾਲਿਕ ਬਣੋਂਗੇ? ਇਹ ਕਿਸੇ ਵੇਦ - ਸ਼ਾਸਤਰ ਆਦਿ ਦੀਆਂ ਗੱਲਾਂ ਨਹੀਂ ਹਨ। ਬਾਪ ਇਵੇਂ ਨਹੀਂ ਕਹਿੰਦੇ ਕਿ ਰਾਮ - ਰਾਮ ਕਹੋ, ਜਾਂ ਦਰ- ਦਰ ਦੇ ਧੱਕੇ ਖਾਓ, ਮੰਦਿਰਾਂ, ਤੀਰਥਾਂ ਆਦਿ ਵਿੱਚ ਜਾਓ ਜਾਂ ਗੀਤਾ ਭਗਵਤ ਆਦਿ ਬੈਠਕੇ ਪੜ੍ਹੋ। ਨਹੀਂ, ਸਤਿਯੁਗ ਵਿੱਚ ਤਾਂ ਸ਼ਾਸਤਰ ਹੁੰਦੇ ਨਹੀਂ। ਤੁਸੀਂ ਭਾਵੇਂ ਕਿੰਨੇ ਵੀ ਵੇਦ - ਸ਼ਾਸ਼ਤਰ ਆਦਿ ਪੜ੍ਹੋ, ਯੱਗ, ਜਪ, ਦਾਨ ਪੁੰਨ ਆਦਿ ਕਰੋ - ਇਹ ਹੈ ਭਗਤੀ ਦੇ ਧੱਕੇ ਖਾਣਾ, ਇਹਨਾਂ ਨਾਲ ਪ੍ਰਾਪਤੀ ਕੁਝ ਵੀ ਨਹੀਂ। ਭਗਤੀ ਮਾਰਗ ਵਿੱਚ ਕੋਈ ਏਮ ਅਬਜੇਕ੍ਰ ਨਹੀਂ ਹੈ। ਮੈਂ ਤੁਹਾਨੂੰ ਸਵਰਗ ਦਾ ਮਾਲਿਕ ਬਣਾਉਣ ਆਇਆ ਹਾਂ। ਇਸ ਸਮੇਂ ਸਭ ਨਰਕਵਾਸੀ ਹਨ। ਜੇਕਰ ਕੋਈ ਕਹੇ ਤੁਸੀਂ ਨਰਕਵਾਸੀ ਹੋ ਤਾਂ ਵਿਗੜਣਗੇ। ਅਸਲ ਵਿੱਚ ਜਾਣਦੇ ਹੋ ਨਰਕ ਕਲਿਯੁਗ ਨੂੰ ਅਤੇ ਸਵਰਗ ਸਤਿਯੁਗ ਨੂੰ ਕਿਹਾ ਜਾਂਦਾ ਹੈ। ਬਾਪ ਬੈਕੁੰਠ ਦੀ ਬਾਦਸ਼ਾਹੀ ਲੈ ਆਏ ਹਨ। ਕਹਿੰਦੇ ਹਨ ਸਵਰਗ ਦਾ ਮਾਲਿਕ ਬਣਨਾ ਹੈ ਤਾਂ ਪਵਿੱਤਰ ਜਰੂਰ ਬਣਨਾ ਪਵੇਗਾ। ਮੂਲ ਗੱਲ ਸਾਰੀ ਪਵਿੱਤਰਤਾ ਦੀ ਹੈ। ਕਈ ਮਨੁੱਖ ਕਹਿੰਦੇ ਹਨ ਅਸੀਂ ਪਵਿੱਤਰ ਤਾਂ ਕਦੀ ਨਹੀਂ ਰਹਿ ਸਕਦੇ। ਅਰੇ, ਤੁਹਾਨੂੰ ਪਾਵਨ ਬਣਾਉਂਦੇ ਹਾਂ ਸਵਰਗ ਵਿੱਚ ਚੱਲਣ ਲਈ। ਪਹਿਲੇ ਵਾਪਿਸ ਸ਼ਾਂਤੀਧਾਮ ਵਿੱਚ ਜਾਕੇ ਫਿਰ ਸਵਰਗ ਵਿੱਚ ਆਉਣਾ ਹੈ। ਸਭ ਧਰਮ ਵਾਲਿਆਂ ਨੂੰ ਕਹਿੰਦੇ ਹਨ ਦੇਹ ਨੂੰ ਛੱਡ ਅਸ਼ਰੀਰੀ ਬਣਕੇ ਜਾਣਾ ਹੈ ਇਸਲਈ ਦੇਹ ਦੇ ਅਭਿਮਾਨ ਨੂੰ ਤੋੜੋ। ਮੈਂ ਕ੍ਰਿਸ਼ਚਨ ਹਾਂ, ਬੋਧੀ ਹਾਂ, ਇਹ ਸਬ ਹਨ ਦੇਹ ਦੇ ਧਰਮ। ਆਤਮਾ ਤੇ ਸਵੀਟ ਹੋਮ ਵਿੱਚ ਰਹਿੰਦੀ ਹੈ।

ਤਾਂ ਹੁਣ ਬਾਪ ਕਹਿੰਦੇ ਹਨ ਵਾਪਿਸ ਮੁਕਤੀਧਾਮ ਚੱਲੋਗੇ? ਉੱਥੇ ਤੁਸੀਂ ਸ਼ਾਂਤੀ ਵਿੱਚ ਰਹੋਂਗੇ। ਦੱਸੋ ਤੁਸੀਂ ਵਾਪਿਸ ਕਿਵੇਂ ਚਲ ਸਕਦੇ ਹੋ? ਮੈਨੂੰ ਬਾਪ ਨੂੰ ਅਤੇ ਆਪਣੇ ਸਵੀਟ ਹੋਮ ਨੂੰ ਯਾਦ ਕਰੋ। ਦੇਹ ਦੇ ਸਭ ਧਰਮ ਛੱਡੋ। ਇਹ ਮਾਮਾ ਹੈ, ਕਾਕਾ ਹੈ ਇਹਨਾਂ ਸਭ ਦੇਹ ਦੇ ਸੰਬੰਧਾਂ ਨੂੰ ਛੱਡੋ। ਆਪਣੇ ਨੂੰ ਦੇਹੀ ਸਮਝੋ। ਮੈਨੂੰ ਯਾਦ ਕਰੋ। ਬਸ ਇੱਹ ਹੈ ਮਿਹਨਤ ਹੋਰ ਮੈਂ ਕੁਝ ਨਹੀਂ ਸੁਣਾਉਂਦਾ ਹਾਂ। ਸ਼ਾਸਤਰ ਆਦਿ ਜੋ ਪੜ੍ਹੇ ਹੋ ਉਹ ਸਭ ਛੱਡੋ। ਮੈਂ ਨਵੀਂ ਦੁਨੀਆਂ ਲਈ ਤੁਹਾਨੂੰ ਮਤ ਦਿੰਦਾ ਹਾਂ। ਕਿਹਾ ਜਾਂਦਾ ਹੈ ਨਾ - ਈਸ਼ਵਰ ਦੀ ਗਤ ਅਤੇ ਮਤ ਨਿਆਰੀ ਹੈ। ਗਤੀ ਕਿਹਾ ਜਾਂਦਾ ਹੈ ਮੁਕਤੀ ਨੂੰ। ਬਾਪ ਨਵੀਆਂ ਗੱਲਾਂ ਸੁਣਾਉਂਦੇ ਹਨ ਨਾ। ਮਨੁੱਖ ਵੀ ਜਦੋ ਸੁਣਦੇ ਹਨ ਤਾਂ ਕਹਿੰਦੇ ਹਨ

ਇੱਥੇ ਤਾਂ ਨਵੀਆਂ ਗੱਲਾਂ ਹਨ। ਸ਼ਾਸ਼ਤਰਾਂ ਦੀ ਕੋਈ ਗੱਲ ਨਹੀਂ। ਉਵੇਂ ਤਾਂ ਹੈ ਗੀਤਾ ਦੀ ਗੱਲ ਪਰ ਮਨੁੱਖਾਂ ਨੇ ਗੀਤਾ ਨੂੰ ਵੀ ਖੰਡਨ ਕਰ ਦਿੱਤਾ ਹੈ। ਮੈਂ ਤਾਂ ਗੀਤਾ ਪੁਸਤਕ ਕੁਝ ਵੀ ਨਹੀਂ ਉਠਾਈ ਹੈ। ਉਹ ਤਾਂ ਬਾਅਦ ਵਿੱਚ ਬਣਦੀ ਹੈ। ਮੈਂ ਤਾਂ ਤੁਹਾਨੂੰ ਗਿਆਨ ਸੁਣਾਉਂਦਾ ਹਾਂ। ਇਵੇਂ ਕਦੀ ਕੋਈ ਨਹੀਂ ਕਹਿਣਗੇ ਕਿ ਤੁਸੀਂ ਮੇਰੇ ਸਿਕੀਲੱਧੇ ਬੱਚੇ ਹੋ। ਇਹ ਨਿਰਾਕਾਰ ਪਰਮਾਤਮਾ ਹੀ ਕਹਿੰਦੇ ਹਨ। ਨਿਰਾਕਾਰ ਆਤਮਾਵਾਂ ਨਾਲ ਗੱਲ ਕਰਦੇ ਹਨ। ਆਤਮ ਸੁਣਦੀ ਹੈ, ਇਹ ਸ਼ਰੀਰ ਹੈ ਆਰਗਨਜ਼। ਇਹ ਗੱਲ ਕਦੀ ਕੋਈ ਸਮਝਦੇ ਨਹੀਂ। ਉਹ ਮਨੁੱਖ, ਮਨੁੱਖ ਨੂੰ ਸੁਣਾਉਂਦੇ ਹਨ, ਇਹ ਪਰਮਾਤਮਾ ਬੈਠ ਆਤਮਾਵਾਂ ਨੂੰ ਸੁਣਾਉਂਦੇ ਹਨ। ਅਸੀਂ ਆਤਮਾਵਾਂ ਸੁਣਦੀਆਂ ਹਾਂ ਇਹਨਾਂ ਕੰਨਾਂ ਦਵਾਰਾ। ਤੁਸੀਂ ਜਾਣਦੇ ਹੋ ਪਰਮਪਿਤਾ ਪਰਮਾਤਮਾ ਬੈਠ ਸਮਝਾਉਂਦੇ ਹਨ। ਮਨੁੱਖ ਤਾਂ ਵੰਡਰ ਖਾਂਦੇ ਹਨ - ਭਗਵਾਨ ਕਿਵੇਂ ਸਮਝਾਵੇਗਾ। ਉਹ ਤਾਂ ਸਮਝਦੇ ਹਨ ਸ਼੍ਰੀਕ੍ਰਿਸ਼ਨ ਭਗਵਾਨੁਵਾਚ। ਅਰੇ, ਸ਼੍ਰੀਕ੍ਰਿਸ਼ਨ ਤਾਂ ਦੇਹਧਾਰੀ ਹੈ। ਮੈਂ ਤਾਂ ਦੇਹਧਾਰੀ ਨਹੀਂ, ਮੈਂ ਵਿਦੇਹੀ ਹਾਂ ਅਤੇ ਵਿਦੇਹੀ ਅਤਮਾਵਾਂ ਨੂੰ ਸੁਣਾਉਂਦਾ ਹਾਂ। ਤਾਂ ਇਹ ਨਵੀਆਂ ਗੱਲਾਂ ਸੁਣਨ ਨਾਲ ਮਨੁੱਖ ਚਕਿਤ ਹੋ ਜਾਂਦੇ ਹਨ। ਤਾਂ ਕਲਪ ਪਹਿਲੇ ਬੱਚੇ ਸੁਣਕੇ ਗਏ ਹਨ ਉਹਨਾਂ ਨੂੰ ਤਾਂ ਬਹੁਤ ਵਧੀਆ ਲੱਗਦਾ ਹੈ, ਪੜ੍ਹਦੇ ਹਨ, ਮੰਮਾ ਬਾਬਾ ਕਹਿੰਦੇ ਹਨ। ਇਸ ਵਿੱਚ ਅੰਧ ਸ਼ਰਧਾ ਦੀ ਤੇ ਕੋਈ ਗੱਲ ਹੋ ਨਾ ਸਕੇ। ਲੌਕਿਕ ਤਰ੍ਹਾਂ ਵੀ ਬੱਚੇ ਮਾਂ - ਬਾਪ ਨੂੰ, ਮਾਂ - ਬਾਪ ਕਹਿੰਦੇ ਹਨ। ਹੁਣ ਤੁਸੀਂ ਉਹਨਾਂ ਲੌਕਿਕ ਮਾਂ - ਬਾਪ ਦੀ ਯਾਦ ਛੱਡ ਪਾਰਲੌਕਿਕ ਮਾਤ - ਪਿਤਾ ਨੂੰ ਯਾਦ ਕਰੋ। ਇਹ ਪਾਰਲੌਕਿਕ ਮਾਂ - ਬਾਪ ਤੁਹਾਨੂੰ ਅੰਮ੍ਰਿਤ ਦੀ ਲੈਣ - ਦੇਣ ਸਿਖਾਉਣ ਵਾਲੇ ਹਨ। ਕਹਿੰਦੇ ਹਨ - ਹੇ ਬੱਚੇ, ਹੁਣ ਵਿਸ਼ ਦੀ ਲੈਣ - ਦੇਣ ਛੱਡੋ। ਮੈਂ ਤੁਹਾਨੂੰ ਜੋ ਸਿੱਖਿਆ ਦਿੰਦਾ ਹਾਂ ਉਹ ਇੱਕ - ਦੋ ਨੂੰ ਦਵੋ ਤਾਂ ਸਵਰਗ ਦੇ ਮਾਲਿਕ ਬਣ ਜਾਵੋਗੇ। ਥੋੜ੍ਹਾ ਸੁਣਨਗੇ ਤਾਂ ਵੀ ਸਵਰਗ ਵਿੱਚ ਆ ਜਾਣਗੇ। ਪਰ ਹੋਰਾਂ ਨੂੰ ਆਪਸਮਾਨ ਨਹੀਂ ਬਣਾ ਸਕਦੇ ਤਾਂ ਦਾਸ - ਦਾਸੀ ਬਣੋਂਗੇ। ਦਾਸ - ਦਾਸੀਆਂ ਵਿੱਚ ਵੀ ਨੰਬਰਵਾਰ ਹੁੰਦੇ ਹਨ। ਬੱਚਿਆਂ ਨੂੰ ਸੰਭਾਲਣ ਵਾਲੇ ਦਾਸ - ਦਾਸੀਆਂ ਜਰੂਰ ਚੰਗੇ ਮਰਤਬੇ ਵਾਲੇ ਹੋਣਗੇ। ਇੱਥੇ ਰਹਿੰਦੇ ਹੋਏ ਫਿਰ ਜੇਕਰ ਪੜਦੇ ਨਹੀਂ ਤਾਂ ਦਾਸ - ਦਾਸੀ ਬਣ ਜਾਂਦੇ ਹਨ। ਪ੍ਰਜਾ ਵਿੱਚ ਵੀ ਨੰਬਰਵਾਰ ਹੁੰਦੇ ਹਨ। ਜੋ ਚੰਗੀ ਤਰ੍ਹਾਂ ਪੜਦੇ ਹਨ ਉਹ ਇਤਨਾ ਉੱਚ ਪਦਵੀ ਪਾਉਂਦੇ ਹਨ। ਪ੍ਰਜਾ ਵਿੱਚ ਸਾਹੂਕਾਰਾਂ ਦੇ ਵੀ ਦਾਸ - ਦਾਸੀਆਂ ਹੋਣਗੇ। ਹਰ ਇੱਕ ਨੂੰ ਆਪਣੀ ਸ਼ਕਲ ਦੇਖਣੀ ਹੈ - ਅਸੀਂ ਕੀ ਬਣਨ ਲਾਇਕ ਹਾਂ? ਬਾਬਾ ਕੋਲੋਂ ਜੇਕਰ ਪੁੱਛੋ ਤਾਂ ਬਾਬਾ ਝੱਟ ਦੱਸ ਦੇਣਗੇ। ਬਾਪ ਤਾਂ ਸਭ ਕੁਝ ਜਾਣਦੇ ਹਨ ਅਤੇ ਸਿੱਧ ਕਰਕੇ ਦਸਦੇ ਹਨ ਕਿ ਇਸ ਕਾਰਣ ਇਹ ਤੁਸੀਂ ਬਣੋਂਗੇ। ਭਾਵੇਂ ਸੈਰੰਡਰ ਕੀਤਾ ਹੈ, ਉਸਦਾ ਵੀ ਹਿਸਾਬ - ਕਿਤਾਬ ਹੈ। ਸੈਰੰਡਰ ਕੀਤਾ ਹੈ ਪਰ ਕੁਝ ਸਰਵਿਸ ਨਹੀਂ ਕਰਦੇ, ਸਿਰਫ਼ ਖਾਂਦੇ - ਪੀਂਦੇ ਰਹਿੰਦੇ ਤਾਂ ਜੋ ਦਿੱਤਾ ਉਹ ਖਾਕੇ ਖ਼ਤਮ ਕਰਦੇ ਹਨ। ਦਿੱਤਾ ਸੋ ਖਾਦਾ ਸਰਵਿਸ ਨਹੀਂ ਕੀਤੀ ਤਾਂ ਥਰਡ ਕਲਾਸ ਦਾਸ - ਦਾਸੀ ਜਾਕੇ ਬਣੋਂਗੇ। ਹਾਂ ਸਰਵਿਸ ਕਰਦੇ ਹਨ ਅਤੇ ਖਾਂਦੇ ਹਨ ਤਾਂ ਠੀਕ ਹੈ। ਧੰਧਾ ਕੁਝ ਨਹੀਂ ਕਰਦੇ ਤਾਂ ਖਾ -ਖਾ ਕੇ ਖ਼ਤਮ ਕਰ ਦਿੰਦੇ ਹਨ ਫਿਰ ਹੋਰ ਹੀ ਬੋਝ ਚੜ੍ਹ ਜਾਂਦਾ ਹੈ। ਇੱਥੇ ਰਹਿੰਦੇ ਹਨ ਜੋ ਦਿੱਤਾ ਸੋ ਖਾਦਾ। ਜੋ ਭਾਵੇ ਨਹੀਂ ਦਿੰਦੇ ਹਨ ਪਰ ਸਰਵਿਸ ਬਹੁਤ ਕਰਦੇ ਹਨ ਉਹ ਉੱਚ ਪਦਵੀ ਪਾ ਲੈਂਦੇ ਹਨ। ਮੰਮਾ ਨੇ ਧਨ ਕੁਝ ਨਹੀਂ ਦਿੱਤਾ, ਪਰ ਪਦਵੀ ਬਹੁਤ ਉੱਚ ਪਾਉਂਦੀ ਹੈ ਕਿਉਂਕਿ ਬਾਬਾ ਦੀ ਰੂਹਾਨੀ ਸਰਵਿਸ ਕਰਦੀ ਹੈ। ਹਿਸਾਬ ਹੈ ਨਾ। ਕਈਆਂ ਨੂੰ ਨਸ਼ਾ ਰਹਿੰਦਾ ਹੈ ਅਸੀਂ ਕੁਝ ਦਿੱਤਾ ਹੈ, ਸੈਰੰਡਰ ਹੋਏ ਹਾਂ, ਪਰ ਖਾਂਦੇ ਵੀ ਤਾਂ ਹਾਂ ਨਾ। ਬਾਬਾ ਮਿਸਾਲ ਤਾਂ ਸਭ ਦੱਸਦੇ ਹਨ। ਸਰਵਿਸ ਨਹੀਂ ਕੀਤੀ ਖਾਦਾ ਅਤੇ ਖ਼ਲਾਸ ਕੀਤਾ। ਕਹਿੰਦੇ ਹਨ ਨਾ - ਜਿਨ ਸੋਇਆ ਤਿਨ ਖੋਇਆ। 8 ਘੰਟਾ ਸਰਵਿਸ ਕਰਨ ਬਿਗਰ ਖਾਣਾ ਹਰਾਮ ਹੈ। ਖਾਂਦੇ ਰਹਿਣਗੇ ਤਾਂ ਜਮਾਂ ਕੁਝ ਨਹੀਂ ਹੋਵੇਗਾ ਫਿਰ ਸਰਵਿਸ ਕਰਨੀ ਪਵੇਗੀ। ਬਾਪ ਨੂੰ ਤਾਂ ਸਭ ਦੱਸਣਾ ਪਵੇਗਾ ਨਾ, ਜੋ ਕੋਈ ਇਵੇਂ ਨਹੀਂ ਕਹੇ ਕਿ ਸਾਨੂੰ ਦੱਸਿਆ ਕਿਉਂ ਨਹੀਂ? ਬਾਬਾ ਨੇ ਸਭ ਕੁਝ ਦਿੱਤਾ ਅਤੇ ਫਿਰ ਸਰਵਿਸ ਵੀ ਕਰਦੇ ਰਹਿੰਦੇ ਹਨ, ਤਾਂ ਉੱਚ ਪਦਵੀ ਵੀ ਹੈ। ਸੈਰੰਡਰ ਹੋਏ ਅਤੇ ਬੈਠ ਖਾਦਾ, ਸਰਵਿਸ ਨਹੀਂ ਕੀਤੀ ਤੇ ਕੀ ਬਣੇਗਾ? ਸ਼੍ਰੀਮਤ ਤੇ ਚੱਲਦੇ ਨਹੀਂ। ਬਾਬਾ ਖ਼ਾਸ ਸਮਝਾ ਰਹੇ ਹਨ। ਇਵੇਂ ਨਹੀਂ ਕਿ ਪਿਛਾੜੀ ਨੂੰ ਕਹਿਣ ਕਿ ਸਾਡੀ ਪਦਵੀ ਇਵੇਂ ਕਿਓਂ ਹੋਈ? ਤਾਂ ਬਾਪ ਸਮਝਾਉਂਦੇ ਹਨ ਸਰਵਿਸ ਨਾ ਕਰਨਾ, ਮੁਫ਼ਤ ਵਿੱਚ ਖਾਣਾ, ਉਸਦਾ ਨਤੀਜਾ ਕਲਪ - ਕਲਪੰਤਰ ਦਾ ਇਹ ਹੋ ਜਾਵੇਗਾ ਇਸਲਈ ਬਾਬਾ ਸਾਵਧਾਨ ਕਰਦੇ ਹਨ। ਸਮਝਣਾ ਚਾਹੀਦਾ ਹੈ ਕਲਪ - ਕਲਪੰਤ੍ਰ ਦੇ ਲਈ ਸਾਡੀ ਪਦਵੀ ਭ੍ਰਿਸ਼ਟ ਹੋ ਜਾਏਗੀ। ਬਾਬਾ ਨੂੰ ਰਹਿਮ ਪੈਂਦਾ ਹੈ ਇਸਲਈ ਹਰ ਗੱਲ ਦੀ ਰੋਸ਼ਨੀ ਦਿੰਦੇ ਹਨ। ਸਰਵਿਸ ਨਹੀਂ ਕਰਨਗੇ ਤਾਂ ਉੱਚ ਪਦਵੀ ਪਾ ਨਹੀਂ ਸਕਨਗੇ। ਜੋ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਸਰਵਿਸ ਕਰਦੇ ਹਨ, ਉਹਨਾਂ ਦੀ ਪਦਵੀ ਬਹੁਤ ਉੱਚ ਹੈ।

ਸਾਰਾ ਮਦਾਰ ਪੜ੍ਹਾਈ ਅਤੇ ਪੜ੍ਹਾਉਣ ਤੇ ਹੈ। ਤੁਸੀਂ ਬ੍ਰਾਹਮਣ ਹੋ, ਤੁਹਾਨੂੰ ਸੱਚੀ ਗੀਤਾ ਸੁਣਾਉਣੀ ਹੈ। ਉਹ ਤਾਂ ਕੱਛ ਵਿੱਚ ਕਰਮ ਉਠਾਉਂਦੇ ਹਨ। ਤੁਹਾਡੇ ਕੱਛ ਵਿੱਚ ਕੁਝ ਨਹੀਂ। ਤੁਸੀਂ ਹੋ ਸੱਚੇ ਬ੍ਰਾਹਮਣ। ਤੁਹਾਨੂੰ ਸੱਚ ਸੁਣਾਉਣਾ ਹੈ, ਸੱਚੀ ਪ੍ਰਾਪਤੀ ਕਰਾਉਣੀ ਹੈ, ਹੋਰ ਸਭਨੇ ਘਾਟਾ ਹੀ ਦਵਾਇਆ ਹੈ ਇਸਲਈ ਲਿਖਿਆ ਜਾਂਦਾ ਹੈ ਉਹ ਸਭ ਝੂਠ ਹੈ। ਬਾਬਾ ਸੱਚ ਸੁਣਾਕੇ ਸੱਚਖੰਡ ਦਾ ਮਾਲਿਕ ਬਣਾਉਂਦੇ ਹਨ। ਇਹ ਤਾਂ ਸਮਝਣ ਦੀ ਗੱਲ ਹੈ। ਵਿਸ਼ਵ ਦਾ ਮਾਲਿਕ ਬਣਨਾ ਘੱਟ ਗੱਲ ਹੈ ਕੀ! ਸੈਂਸੀਬੁਲ ਬੱਚੇ ਜੋ ਹੋਣਗੇ ਉਹ ਤਾਂ ਪਲਾਨ ਬਣਾਉਂਦੇ ਰਹਿਣਗੇ - ਅਸੀਂ ਸੋਨੇ ਦੀਆਂ ਇੱਟਾਂ ਦਾ ਇਵੇਂ -ਇਵੇਂ ਮਕਾਨ ਬਣਾਵਾਂਗੇ, ਇਹ ਕਰਾਂਗੇ। ਸਾਹੂਕਾਰ ਦਾ ਬੱਚਾ ਜਿਵੇਂ ਵੱਡਾ ਹੁੰਦਾ ਜਾਏਗਾ ਤਾਂ ਉਹਨਾਂ ਦੇ ਖਿਆਲ ਚੱਲਣਗੇ - ਅਸੀਂ ਇਵੇਂ ਕਰਾਂਗੇ, ਇਹ ਬਣਾਵਾਂਗੇ। ਤੁਸੀਂ ਵੀ ਭਵਿੱਖ ਵਿੱਚ ਪ੍ਰਿੰਸ ਬਣਦੇ ਹੋ ਤਾਂ ਸ਼ੋਂਕ ਹੋਵੇਗਾ ਨਾ - ਅਸੀਂ ਇਵੇਂ - ਇਵੇਂ ਮਹਿਲ ਬਣਾਵਾਂਗੇ। ਜੋ ਹੋਰ ਕਿਸੇ ਦਾ ਨਹੀਂ ਹੋਵੇਗਾ। ਇਹ ਖਿਆਲ ਉਹਨਾਂ ਦੇ ਚੱਲਣਗੇ ਜੋ ਚੰਗੀ ਤਰ੍ਹਾਂ ਪੜ੍ਹ ਕੇ ਪੜ੍ਹਾਉਂਦੇ ਹਨ। ਬਾਦਸ਼ਾਹੀ ਤੇ ਹੋਵੇਗੀ ਨਾ। ਤਾਂ ਬੁੱਧੀ ਵਿੱਚ ਖਿਆਲ ਚਲਣੀ ਚਾਹੀਦੀ ਹੈ - ਅਸੀਂ ਕਿੰਨੇ ਨੰਬਰ ਤੋਂ ਪਾਸ ਹੋਵਾਂਗੇ? ਬੜਾ ਭਾਰੀ ਸਕੂਲ ਹੈ, ਇਸਵਿੱਚ ਲੱਖਾਂ ਕਰੋੜਾਂ ਰਹਿਣਗੇ, ਢੇਰ ਆਉਣਗੇ। ਇਹ ਸਭ ਗੱਲਾਂ ਬਾਪ ਹੀ ਬੈਠ ਸਮਝਾਉਂਦੇ ਹਨ। ਭਗਵਾਨ ਇੱਕ ਹੈ, ਇਸ ਵਿੱਚ ਲੱਖਾਂ ਕਰੋੜਾਂ ਪੜ੍ਹਨਗੇ, ਢੇਰ ਆਉਣਗੇ। ਇਹ ਸਭ ਗੱਲਾਂ ਬਾਪ ਹੀ ਬੈਠ ਸਮਝਾਉਂਦੇ ਹਨ। ਭਗਵਾਨ ਇੱਕ ਹੈ, ਉਹਨਾਂ ਨੂੰ ਹੀ ਮਾਤ -ਪਿਤਾ ਕਹਿੰਦੇ ਹਨ - ਉਹ ਆਕੇ ਏਡੋਪੱਡ ਕਰਦੇ ਹਨ। ਕਿੰਨੀ ਗੁਹੇ ਗੱਲਾਂ ਹਨ। ਇਹ ਨਵਾਂ ਸਕੂਲ ਹੈ,

ਨਵਾਂ ਪੜ੍ਹਾਉਣ ਵਾਲਾ ਹੈ। ਕਿੰਨਾ ਚੰਗੀ ਤਰ੍ਹਾਂ ਸਮਝਾਉਂਦੇ ਹਨ। ਝੋਲੀ ਉਹਨਾਂ ਦੀ ਭਰੇਗੀ ਜੋ ਲਾਇਕ ਹੋਣਗੇ, ਬਾਪ ਨੂੰ ਯਾਦ ਕਰਨਗੇ। ਮਾਂ - ਬਾਪ ਨੂੰ ਕਦੀ ਕੋਈ ਭੁਲਦੇ ਨਹੀਂ ਹਨ। ਫਿਰ ਸੰਗਮਯੁਗੀ ਬੱਚੇ ਬਾਪ ਨੂੰ ਭੁੱਲ ਕਿਵੇਂ ਸਕਦੇ ਹਨ। ਅੱਛਾ!

ਦੁਨੀਆਂ ਧਮਚੱਕਰ ਵਿੱਚ ਹੈ ਅਤੇ ਤੁਸੀਂ ਬੱਚੇ ਚੁੱਪ ਹੋ। ਚੁੱਪ ਵਿੱਚ ਹੈ ਸ਼ਾਂਤੀ, ਸ਼ਾਂਤੀ ਵਿੱਚ ਹੈ ਸੁਖ। ਤੁਸੀਂ ਜਾਣਦੇ ਹੋ ਮੁਕਤੀ ਦੇ ਬਾਅਦ ਫਿਰ ਹੈ ਜੀਵਨਮੁਕਤੀ। ਤੁਹਾਨੂੰ ਬੱਚਿਆਂ ਨੂੰ ਸਿਰਫ਼ ਦੋ ਅੱਖਰ ਯਾਦ ਹਨ - ਆਤਮਾ ਅੱਲਾਹ ਅਤੇ ਬੇ ਬਾਦਸ਼ਾਹੀ। ਸਿਰਫ਼ ਇੱਕ ਅਲਫ਼ ਨੂੰ ਯਾਦ ਕਰਨ ਨਾਲ ਬਾਦਸ਼ਾਹੀ ਮਿਲ ਗਈ। ਬਾਕੀ ਕੀ ਬਚਿਆ? ਬਾਕੀ ਰਹੀ ਛਾਛ। ਅਲਫ਼ ਮਿਲਿਆ ਗੋਇਆ ਮੱਖਣ ਮਿਲਿਆ, ਬਾਕੀ ਸਭ ਹੈ ਛਾਛ। ਇਵੇਂ ਹੈ ਨਾ? ਅਸੀਂ ਚੁੱਪ ਰਹਿੰਦੇ ਹਾਂ। ਜਾਣਦੇ ਹਾਂ ਚੁੱਪ ਰਹਿਕੇ ਅਸੀਂ ਸ਼੍ਰੀਮਤ ਤੇ ਚੱਲਦੇ ਹਾਂ। ਪਰ ਵੰਡਰ ਇਹ ਹੈ ਕਿ ਬੱਚੇ ਅਲਫ਼ ਨੂੰ ਵੀ ਪੂਰਾ ਯਾਦ ਨਹੀਂ ਕਰਦੇ। ਭੁੱਲ ਜਾਂਦੇ ਹਨ। ਮਾਇਆ ਤੂਫ਼ਾਨ ਲਿਆਉਂਦੀ ਹੈ। ਬਾਪ ਵੀ ਕਹਿੰਦੇ ਹਨ ਮਨਮਨਾਭਵ ਮਧਯਜੀ ਭਵ। ਗੀਤਾ ਵਿੱਚ ਅੱਖਰ ਹੈ। ਤਾਂ ਤੁਹਾਨੂੰ ਗੀਤਾ ਵਾਲਿਆਂ ਤੋਂ ਅੱਖਰ ਪੁੱਛਣਾ ਚਾਹੀਦਾ ਹੈ ਕਿ ਮਨਮਨਾਭਵ, ਮਧਯਜੀਭਵ ਦਾ ਅਰਥ ਦੀ ਹੈ? ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋਗੇ ਤਾਂ ਤੁਹਾਨੂੰ ਬਾਦਸ਼ਾਹੀ ਮਿਲੇਗੀ। ਦੇਹ ਦੇ ਸਭ ਧਰਮ ਛੱਡ ਦੇਹੀ ਬਣ ਜਾਓ ਅਤੇ ਬਾਪ ਨੂੰ ਯਾਦ ਕਰੋ ਤਾਂ ਬਾਦਸ਼ਾਹੀ ਮਿਲੇਗੀ। ਗ੍ਰੰਥ ਵਿੱਚ ਵੀ ਕਹਿੰਦੇ ਹਨ - ਜਪੋ ਅਲਫ਼ ਨੂੰ ਤਾਂ ਬਾਦਸ਼ਾਹੀ ਮਿਲੇਗੀ। ਸੱਚਖੰਡ ਦੀ ਰਾਜਾਈ ਮਿਲੇਗੀ। ਸੱਚਖੰਡ ਦੀ ਰਾਜਾਈ ਮਿਲਦੀ ਹੈ। ਅਸੀਂ ਦੁਨੀਆਂ ਤੋਂ ਬਿਲਕੁਲ ਨਿਆਰੇ ਹਾਂ, ਹੋਰ ਕੋਈ ਵੀ ਇਵੇਂ ਨਹੀਂ ਕਹਿਣਗੇ। ਬਾਪ ਤੁਹਾਨੂੰ ਨਵੀਆਂ ਗੱਲਾਂ ਸੁਣਾਉਂਦੇ ਹਨ, ਬਾਕੀ ਸਭ ਪੁਰਾਣੀਆਂ ਗੱਲਾਂ ਹੀ ਸੁਣਾਉਂਦੇ ਹਨ। ਗੱਲ ਬੜੀ ਸਹਿਜ ਹੈ। ਅਲਫ਼ ਦੇ ਬਣੋ ਤਾਂ ਬਾਦਸ਼ਾਹੀ ਮਿਲੇਗੀ। ਫਿਰ ਵੀ ਪੁਰਸ਼ਾਰਥ ਤੇ ਕਰਨਾ ਪਵੇ। ਆਪਣੇ ਵਰਗੇ ਬਨਾਉਣ ਦੀ ਜਿੰਨੀ ਸਰਵਿਸ ਕਰੋਗੇ ਉਨਾਂ ਫਲ ਮਿਲੇਗਾ। ਮਨੁੱਖ ਨਾ ਅਲਫ ਨੂੰ ਜਾਣਦੇ ਹਨ, ਨਾ ਬੇ ਨੂੰ ਜਾਣਦੇ ਹਨ। ਬੇ ਮਾਨਾ ਬਾਦਸ਼ਾਹੀ ਦਾ ਮੱਖਣ। ਸ਼੍ਰੀਕ੍ਰਿਸ਼ਨ ਦੇ ਮੁਖ ਵਿੱਚ ਮੱਖਣ ਦਿਖਾਉਂਦੇ ਹਨ ਨਾ। ਜਰੂਰ ਸਵਰਗ ਦੀ ਸਥਾਪਨਾ ਕਰਨ ਵਾਲੇ ਨੇ ਹੀ ਬਾਦਸ਼ਾਹੀ ਦਿੱਤੀ ਹੋਵੇਗੀ। ਅੱਛਾ

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਵਾਪਿਸ ਸਵੀਟ ਹੋਮ (ਘਰ) ਜਾਣਾ ਹੈ ਇਸਲਈ ਦੇਹ ਦੇ ਧਰਮਾਂ ਅਤੇ ਸੰਬੰਧਾਂ ਨੂੰ ਭੁੱਲ ਖੁਦ ਨੂੰ ਦੇਹੀ ਸਮਝਣਾ ਹੈ। ਇਸ ਹੀ ਅਭਿਆਸ ਵਿੱਚ ਰਹਿਣਾ ਹੈ।

2. ਬਾਪ ਦੀਆਂ ਜੋ ਸਿੱਖਿਆਵਾਂ ਮਿਲਿਆ ਹਨ, ਉਹ ਦੂਜਿਆਂ ਨੂੰ ਦੇਣੀਆਂ ਹਨ, ਆਪ ਸਮਾਨ ਬਣਾਉਣਾ ਹੈ। 8 ਘੰਟੇ ਸਰਵਿਸ ਜਰੂਰ ਕਰਨੀ ਹੈ।

ਵਰਦਾਨ:- ਸ਼ੁੱਧ ਫੀਲਿੰਗ ਦਵਾਰਾ ਫਲੂ ਦੀ ਬਿਮਾਰੀ ਨੂੰ ਖਤਮ ਕਰ ਵਰਦਾਨਾਂ ਵਿੱਚ ਪਲਣ ਵਾਲੇ ਸਫ਼ਲਤਾਮੂਰਤ ਭਵ

ਸਭ ਬੱਚਿਆਂ ਨੂੰ ਬਾਪਦਾਦਾ ਦੀ ਸ਼੍ਰੇਸ਼ਠ ਮਤ ਹੈ - ਬੱਚੇ ਸਦਾ ਸ਼ੁੱਧ ਫੀਲਿੰਗ ਵਿੱਚ ਰਹੋ। ਮੈਂ ਸਰਵ ਸ਼੍ਰੇਸ਼ਠ ਮਤਲਬ ਕੋਟਾ ਵਿੱਚ ਕੋਈ ਆਤਮਾ ਹਾਂ, ਮੈਂ ਦੇਵ ਆਤਮਾ, ਮਹਾਨ ਆਤਮਾ, ਵਿਸ਼ੇਸ਼ ਪਾਰ੍ਹਧਾਰੀ ਆਤਮਾ ਹਾਂ - ਇਸ ਫੀਲਿੰਗ ਵਿੱਚ ਰਹੋ ਤਾਂ ਵਿਅਰਥ ਫੀਲਿੰਗ ਦਾ ਫਲਿਉ ਨਹੀਂ ਆ ਸਕਦਾ। ਜਿੱਥੇ ਇਹ ਸ਼ੁੱਧ ਫੀਲਿੰਗ ਹੈ ਉੱਥੇ ਅਸ਼ੁੱਧ ਫੀਲਿੰਗ ਹੋ ਨਹੀਂ ਸਕਦੀ। ਇਸਨਾਲ ਫਲਿਊ ਦੀ ਬਿਮਾਰੀ ਤੋਂ ਮਤਲਬ ਮਿਹਨਤ ਤੋਂ ਬੱਚ ਜਾਣਗੇ ਅਤੇ ਸਦਾ ਖੁਦ ਨੂੰ ਇਵੇਂ ਮਹਿਸੂਸ਼ ਕਰਨਗੇ ਕਿ ਅਸੀਂ ਵਰਦਾਨਾਂ ਨਾਲ ਪਲ ਰਹੇ ਹਾਂ, ਸੇਵਾ ਵਿੱਚ ਸਫ਼ਲਤਾ ਪਾ ਰਹੇ ਹਾਂ।

ਸਲੋਗਨ:- ਸੰਗਮਯੁਗੀ ਮਰਿਆਦਾ ਪੁਰਸ਼ੋਤਮ ਬਣਨਾ - ਇਹ ਹੀ ਬ੍ਰਾਹਮਣ ਜੀਵਨ ਦਾ ਸ਼੍ਰੇਸ਼ਠ ਲਕਸ਼ ਹੈ।

******